# ਨਵੇਂ ਯੁੱਗ ਦੀ ਪੀੜ੍ਹੀ (GENERATION NEW ERA) ਦਾ ਹਿੱਸਾ ਬਣੋ

# ਅਧਿਐਨ ਬਾਰੇ ਤੁਹਾਡੀ ਗਾਈਡ

## ਵਿਸ਼ਾ-ਸੂਚੀ


Contents ........ 1

ABOUT THE STUDY ........ 3

- What is Generation New Era? ........ 3
- How will it make a difference? ........ 3
- What sort of study is Generation New Era? ........ 3
- Who runs the study? ........ 4
- How was your family chosen for the study? ........ 4
- Why do we want to hear from you? ........ 4
- Which family members are invited to take part? ........ 5
- What if you live apart from your baby's other parent? ........ 5
- Want to find out more about the study and why you should take part? ........ 5

WHAT'S INVOLVED? ........ 6

- What happens next? ........ 6
  - Do both parents have to take part? ........ 6
  - Which parent will do which interview? ........ 6
  - What will I get for taking part? ........ 7
- What will we be asking about? ........ 7
- Want to find out more about what's involved? ........ 8

ADDING INFORMATION ........ 9

- Information from administrative records ........ 9
  - Which administrative records would we like to add? ........ 9
  - Who decides about adding administrative records? ........ 9
  - How will information from administrative records be used? ........ 9

Information about where you live....10
LOOKING AFTER YOUR INFORMATION....11
Who has approved this research? ....11
What will happen to the information you give?....11
What if you choose not to take part, or withdraw from the study? ....11
Who is responsible for the study information?....12
What if taking part in Generation New Era leaves you concerned about something in your life? ....12
Have a question about the study?....13

# ਅਧਿਐਨ ਬਾਰੇ

## ਨਵੇਂ ਯੁੱਗ ਦੀ ਪੀੜ੍ਹੀ (Generation New Era) ਕੀ ਹੈ?

**ਨਵੇਂ ਯੁੱਗ ਦੀ ਪੀੜ੍ਹੀ** (Generation New Era) 2022 **ਵਿੱਚ ਪੈਦਾ ਹੋਏ ਕਈ ਹਜ਼ਾਰਾਂ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਇੱਕ ਨਵੇਕਲਾ ਵਿਗਿਆਨਕ ਅਧਿਐਨ ਹੈ।** ਹਰ ਬੱਚਾ ਖਾਸ ਹੁੰਦਾ ਹੈ, ਪਰ ਅੱਜ ਪੈਦਾ ਹੋਣ ਵਾਲੇ ਬੱਚੇ ਆਪਣੀ ਹੀ ਕਿਸਮ ਦੀ ਇੱਕ ਪੀੜ੍ਹੀ ਨਾਲ ਸਬੰਧ ਰੱਖਦੇ ਹਨ। ਮਹਾਂਮਾਰੀ ਅਤੇ ਗੁਜ਼ਾਰਾ ਚਲਾਉਣ ਸਬੰਧੀ ਸੰਕਟ ਨੇ ਤੁਹਾਡੇ ਵਰਗੇ ਮਾਪਿਆਂ, ਤੁਹਾਡੇ ਬੱਚਿਆਂ ਅਤੇ ਤੁਹਾਡੇ ਭਵਿੱਖ ਲਈ ਅਨੋਖੀਆਂ ਚੁਣੌਤੀਆਂ ਦਰਪੇਸ਼ ਲਿਆਂਦੀਆਂ ਹਨ।

## ਇਸ ਨਾਲ ਕਿਵੇਂ ਫ਼ਰਕ ਪਵੇਗਾ?

ਨਵੇਂ ਯੁੱਗ ਦੀ ਪੀੜ੍ਹੀ (Generation New Era) **ਸਾਡੇ ਬਦਲਦੇ ਸੰਸਾਰ ਵਿੱਚ ਵੱਡੇ ਹੋ ਰਹੇ ਬੱਚਿਆਂ ਦੀ ਸਿਹਤ ਅਤੇ ਵਿਕਾਸ ਵਿੱਚ ਮਹੱਤਵਪੂਰਨ ਨਵੀਂ ਸਮਝ ਪ੍ਰਦਾਨ ਕਰੇਗਾ**, ਅਤੇ ਯੂਕੇ ਵਿੱਚ ਬੱਚਿਆਂ ਅਤੇ ਪਰਿਵਾਰਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਖੋਜਕਰਤਾਵਾਂ, ਸਰਕਾਰਾਂ ਅਤੇ ਸੇਵਾ ਪ੍ਰਦਾਤਾਵਾਂ ਦੀ ਮਦਦ ਕਰੇਗਾ।

## ਨਵੇਂ ਯੁੱਗ ਦੀ ਪੀੜ੍ਹੀ (Generation New Era) ਕਿਹੋ ਜਿਹਾ ਅਧਿਐਨ ਹੈ?

ਨਵੇਂ ਯੁੱਗ ਦੀ ਪੀੜ੍ਹੀ (Generation New Era) ਜਨਮ-ਅਧਾਰਤ ਸਮੂਹ ਦਾ ਅਧਿਐਨ (birth cohort study) ਹੈ। ਇਹ ਅਧਿਐਨ ਬੱਚਿਆਂ ਦੇ ਜਨਮ ਤੋਂ ਲੈ ਕੇ ਜੀਵਨ ਭਰ ਲਈ ਉਹਨਾਂ 'ਤੇ ਨਜ਼ਰ ਰੱਖਦੇ ਹਨ। **ਇਹ ਦਿਖਾਉਂਦੇ ਹਨ ਕਿ ਬੱਚੇ ਕਿਵੇਂ ਵਧਦੇ-ਫੁਲਦੇ ਅਤੇ ਵਿਕਾਸ ਕਰਦੇ ਹਨ, ਅਤੇ ਬਚਪਨ ਦੇ ਅਨੁਭਵ ਬਾਅਦ ਦੇ ਜੀਵਨ ਉੱਤੇ ਕਿਹੋ ਜਿਹਾ ਅਸਰ ਪਾਉਂਦੇ ਹਨ।**

ਅੱਜਕੱਲ੍ਹ ਮਾਪਿਆਂ ਨੂੰ ਫ਼ਾਇਦਾ ਪਹੁੰਚਾਉਣ ਵਾਲੇ ਅਨੇਕਾਂ ਸਰਕਾਰੀ ਉਪਾਵਾਂ ਦੀ ਜਾਣਕਾਰੀ ਨਵੇਂ ਯੁੱਗ ਦੀ ਪੀੜ੍ਹੀ (Generation New Era) ਵਰਗੇ ਅਧਿਐਨਾਂ ਦੇ ਨਤੀਜਿਆਂ ਤੋਂ ਪ੍ਰਾਪਤ ਕੀਤੀ ਗਈ ਹੈ। ਇਸ ਵਿੱਚ ਜਣੇਪਾ ਛੁੱਟੀ ਨੂੰ ਇੱਕ ਸਾਲ ਤੱਕ ਵਧਾਉਣਾ, ਕਨੂੰਨੀ ਜਣੇਪਾ ਤਨਖਾਹ ਦੀ ਹਫ਼ਤਾਵਾਰੀ ਦਰ ਨੂੰ ਵਧਾਉਣਾ, ਅਤੇ ਦੋ ਹਫ਼ਤਿਆਂ ਦੀ ਵੇਤਨਕ ਜਣੇਪਾ (ਪਿਤਾ ਲਈ) ਛੁੱਟੀ ਸ਼ੁਰੂ ਕਰਨਾ ਸ਼ਾਮਲ ਹੈ। ਤੁਸੀਂ ਇਸ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ ਕਿ ਜਨਮ-ਅਧਾਰਤ ਸਮੂਹਾਂ ਵਾਲੇ ਅਧਿਐਨਾਂ ਨੇ ਸਾਡੀ ਅਧਿਐਨ ਵੈੱਬਸਾਈਟ 'ਤੇ ਕਿਹੋ ਜਿਹਾ ਫਰਕ ਲਿਆਂਦਾ ਹੈ।

1946, 1958, 1970 ਅਤੇ 2000 ਵਿੱਚ ਪੈਦਾ ਹੋਏ ਲੋਕਾਂ ਦੇ ਅਜੇ ਤਕ ਚੱਲ ਰਹੇ ਕੌਮੀ ਅਧਿਐਨਾਂ ਦੇ ਨਾਲ, **ਯੂਕੇ ਇਸ ਕਿਸਮ ਦੀ ਰਿਸਰਚ ਵਿੱਚ ਇੱਕ ਵਿਸ਼ਵ ਨੇਤਾ ਹੈ।**

ਅਸੀਂ ਇਹਨਾਂ ਸਮੂਹ ਅਧਿਐਨਾਂ ਵਿੱਚ ਭਾਗ ਲੈਣ ਵਾਲਿਆਂ ਨੂੰ ਪੁੱਛਿਆ ਕਿ ਉਹਨਾਂ ਨੂੰ ਭਾਗ ਲੈਣ ਵਿੱਚ ਮਜ਼ਾ ਕਿਉਂ ਆਉਂਦਾ ਹੈ। ਜਨਮ-ਅਧਾਰਤ ਸਮੂਹਾਂ ਵਾਲੇ ਅਧਿਐਨਾਂ ਵਿੱਚੋਂ ਇੱਕ ਭਾਗੀਦਾਰ ਨੇ ਕਿਹਾ, "ਇਸ ਦਾ ਹਿੱਸਾ ਬਣਨਾ ਮਜ਼ੇਦਾਰ ਹੈ... ਇਸ ਦੇ ਲਈ ਚੁਣੇ ਜਾਣ 'ਤੇ ਖਾਸ ਹੋਣ ਦਾ ਅਹਿਸਾਸ ਹੁੰਦਾ ਹੈ।"

ਨਵੇਂ ਯੁੱਗ ਦੀ ਪੀੜ੍ਹੀ (Generation New Era) ਦਾ ਹਿੱਸਾ ਬਣ ਕੇ, ਤੁਸੀਂ ਯੂਕੇ ਦੇ ਪਰਿਵਾਰਾਂ ਲਈ **ਭਵਿੱਖ ਨੂੰ ਅਕਾਰ ਦੇਣ ਵਿੱਚ ਮਦਦ** ਕਰ ਸਕਦੇ ਹੋ।

## ਅਧਿਐਨ ਦਾ ਸੰਚਾਲਨ ਕੌਣ ਕਰਦਾ ਹੈ?

**ਯੂਨੀਵਰਸਿਟੀ ਕਾਲਜ ਲੰਡਨ (University College London - UCL)**ਵਿਖੇ ਸੈਂਟਰ ਫ਼ਾਰ ਲੌਂਗਿਚੁਡਿਨਲ ਸਟੱਡੀਜ਼ (Centre for Longitudinal Studies - CLS), ਇਸ ਅਧਿਐਨ ਦਾ ਇੰਚਾਰਜ ਹੈ। CLS ਯੂਕੇ ਦਾ ਸਮੂਹ ਅਧਾਰਤ ਅਧਿਐਨਾਂ ਦਾ ਮੋਹਰੀ ਰਿਸਰਚ ਕੇਂਦਰ ਹੈ। UCL ਵਿਸ਼ਵ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ।

ਇਸ ਅਧਿਐਨ ਟੀਮ ਵਿੱਚ ਵੇਲਜ਼ ਵਿੱਚ ਸਵੈਨਸੀ ਯੂਨੀਵਰਸਿਟੀ (Swansea University), ਸਕਾਟਲੈਂਡ ਵਿੱਚ ਐਡਿਨਬਰਾ ਯੂਨੀਵਰਸਿਟੀ (University of Edinburgh) ਅਤੇ ਉੱਤਰੀ ਆਇਰਲੈਂਡ ਵਿੱਚ ਅਲਸਟਰ ਯੂਨੀਵਰਸਿਟੀ (Ulster University) ਵੀ ਸ਼ਾਮਲ ਹਨ।

**Ipsos** ਨਵੇਂ ਯੁੱਗ ਦੀ ਪੀੜ੍ਹੀ (Generation New Era) ਦੇ ਲਈ ਇੰਟਰਵਿਊ ਲੈ ਰਹੀ ਹੈ (ipsos.com)। Ipsos ਇੱਕ ਸੁਤੰਤਰ ਰਿਸਰਚ ਸੰਸਥਾ ਹੈ ਜੋ ਮਾਰਕੀਟ ਰਿਸਰਚ ਸੋਸਾਇਟੀ ਦੇ ਆਚਾਰ ਜ਼ਾਬਤੇ ਦੇ ਨਿਯਮਾਂ ਦੀ ਪਾਲਣਾ ਕਰਦੀ ਹੈ।

ਨਵੇਂ ਯੁੱਗ ਦੀ ਪੀੜ੍ਹੀ (Generation New Era) ਨੂੰ ਆਰਥਿਕ ਅਤੇ ਸਮਾਜਕ ਰਿਸਰਚ ਕੌਂਸਲ (Economic and Social Research Council) ਦੁਆਰਾ ਫ਼ੰਡ ਕੀਤਾ ਜਾਂਦਾ ਹੈ, ਜੋ ਯੂਕੇ ਵਿੱਚ ਸਮਾਜਕ ਰਿਸਰਚ ਵਿੱਚ ਪ੍ਰਮੁੱਖ ਅਕਾਦਮਿਕ ਫ਼ੰਡ ਦੇਣ ਵਿੱਚ ਸਭ ਤੋਂ ਮੋਹਰੀ ਹੈ ਅਤੇ ਯੂਕੇ ਰਿਸਰਚ ਐਂਡ ਇਨੋਵੇਸ਼ਨ (UK Research and Innovation) ਦਾ ਹਿੱਸਾ ਹੈ।

## ਤੁਹਾਡੇ ਪਰਿਵਾਰ ਨੂੰ ਅਧਿਐਨ ਲਈ ਕਿਵੇਂ ਚੁਣਿਆ ਗਿਆ ਸੀ?

ਤੁਹਾਡੇ ਪਰਿਵਾਰ ਨੂੰ ਸਰਕਾਰੀ ਵਿਭਾਗਾਂ ਅਤੇ ਜਨ ਸਿਹਤ ਏਜੰਸੀਆਂ ਕੋਲ ਪਏ ਜਨਮ ਰਿਕਾਰਡਾਂ ਤੋਂ ਬੇਤਰਤੀਬੇ ਢੰਗ ਨਾਲ ਚੁਣਿਆ ਗਿਆ ਸੀ। ਇਹਨਾਂ ਸੰਸਥਾਵਾਂ ਨੇ ਨਵੇਂ ਯੁੱਗ ਦੀ ਪੀੜ੍ਹੀ (Generation New Era) ਨੂੰ ਤੁਹਾਡਾ ਨਾਮ, ਪਤਾ ਅਤੇ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਵਾਧੂ ਜਾਣਕਾਰੀ ਮੁਹੱਈਆ ਕਰਾਈ ਸੀ। ਇਸ ਦੀ ਆਗਿਆ ਦੇਣ ਲਈ ਹਰ ਦੇਸ਼ ਵਾਸਤੇ ਵਿਸ਼ੇਸ਼ ਕਮੇਟੀਆਂ ਦੁਆਰਾ ਇਸ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਅਧਿਐਨ ਲਈ ਚੁਣਿਆ ਗਿਆ ਹਰੇਕ ਪਰਿਵਾਰ ਅਨੋਖਾ ਹੈ ਅਤੇ ਅਸੀਂ ਤੁਹਾਡੀ ਥਾਂ ਕਿਸੇ ਹੋਰ ਨੂੰ ਨਹੀਂ ਲੈ ਸਕਦੇ ਹਾਂ।

## ਅਸੀਂ ਤੁਹਾਡੇ ਤੋਂ ਕਿਉਂ ਜਾਣਨਾ ਚਾਹੁੰਦੇ ਹਾਂ?

**ਤੁਹਾਡੇ ਬੱਚੇ ਅਤੇ ਤੁਹਾਡੇ ਪਰਿਵਾਰ ਵਰਗਾ ਹੋਰ ਕੋਈ ਨਹੀਂ ਹੈ।** ਅਧਿਐਨ ਦੇ ਨਤੀਜਿਆਂ ਦਾ ਲਾਭ ਹਰ ਤਰ੍ਹਾਂ ਦੇ ਪਰਿਵਾਰ ਨੂੰ ਪਹੁੰਚਾਉਣ ਲਈ, ਸਾਨੂੰ ਤੁਹਾਡੇ ਸਮੇਤ ਯੂਕੇ ਦੇ ਸਾਰੇ ਦੇਸ਼ਾਂ ਅਤੇ ਖੇਤਰਾਂ ਤੋਂ ਅਨੇਕਾਂ ਵੱਖ-ਵੱਖ ਪਰਿਵਾਰਾਂ ਦੀ ਰਾਏ ਜਾਣਨ ਦੀ ਲੋੜ ਹੈ।

ਹਰ ਪਿਛੋਕੜ ਅਤੇ ਸਭਿਆਚਾਰ ਦੇ ਪਰਿਵਾਰਾਂ, ਅਤੇ ਹਰ ਤਰ੍ਹਾਂ ਦੇ ਬੱਚਿਆਂ ਨੂੰ ਸ਼ਾਮਲ ਕਰਕੇ, ਅਸੀਂ ਇਸ ਪੀੜ੍ਹੀ ਦੇ ਜੀਵਨ ਦੀ ਇੱਕ ਮੁਕੰਮਲ ਤਸਵੀਰ ਬਣਾ ਸਕਦੇ ਹਾਂ ਅਤੇ ਸਾਰਿਆਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦੇ ਸਕਦੇ ਹਾਂ।

## ਪਰਿਵਾਰ ਦੇ ਮੈਂਬਰਾਂ ਨੂੰ ਹਿੱਸਾ ਲੈਣ ਲਈ ਸੱਦਿਆ ਜਾਂਦਾ ਹੈ?

**ਅਸੀਂ ਮਾਪਿਆਂ ਦੀ ਰਾਏ ਜਾਣਨਾ ਚਾਹੁੰਦੇ ਹਾਂ ਤਾਂ ਜੋ ਹਰ ਬੱਚੇ ਦੇ ਜੀਵਨ ਦੀ ਇੱਕ ਪੂਰੀ ਤਸਵੀਰ ਬਣਾਉਣ ਵਿੱਚ ਸਾਨੂੰ ਮਦਦ ਮਿਲ ਸਕੇ।** ਮਾਂ ਅਤੇ ਪਿਤਾ ਬੱਚਿਆਂ ਦੇ ਜੀਵਨ ਵਿੱਚ ਬਹੁਤ ਅਹਿਮ ਹੁੰਦੇ ਹਨ। ਹਰ ਮਾਤਾ-ਪਿਤਾ ਦੇ ਆਪਣੇ ਬੱਚੇ ਬਾਰੇ ਵਿਚਾਰ ਅਤੇ ਅਨੁਭਵ ਵੱਖੋ-ਵੱਖਰੇ ਹੋ ਸਕਦੇ ਹਨ।

ਹੋ ਸਕਦਾ ਹੈ ਕਿ ਮਾਪਿਆਂ ਦੇ ਨਾਲ ਰਹਿਣ ਵਾਲੇ ਪਾਰਟਨਰਾਂ ਨੂੰ ਵੀ ਭਾਗ ਲੈਣ ਲਈ ਸੱਦਾ ਦਿੱਤਾ ਜਾਵੇ।

## ਜੇ ਤੁਸੀਂ ਆਪਣੇ ਬੱਚੇ ਦੀ ਮਾਂ ਜਾਂ ਪਿਤਾ ਤੋਂ ਅਲੱਗ ਰਹਿੰਦੇ ਹੋ ਤਾਂ?

**ਅਸੀਂ ਉਹਨਾਂ ਮਾਂਵਾਂ ਜਾਂ ਪਿਤਾਵਾਂ ਨੂੰ ਸ਼ਾਮਲ ਕਰਨਾ ਚਾਹੁੰਦੇ ਹਾਂ ਜੋ ਆਪਣੇ ਬੱਚੇ ਦੇ ਪਿਤਾ ਜਾਂ ਮਾਂ ਤੋਂ ਅਲੱਗ ਰਹਿੰਦੇ ਹਨ,** ਮਾਪਿਆਂ ਵਿਚਾਲੇ ਸਬੰਧ ਭਾਵੇਂ ਜੋ ਵੀ ਹੋਵੇ, ਅਤੇ ਉਹਨਾਂ ਦਾ ਆਪਣੇ ਬੱਚੇ ਨਾਲ ਲਗਾਅ ਭਾਵੇਂ ਜਿਹੋ ਜਿਹਾ ਮਰਜ਼ੀ ਹੋਵੇ।

**ਹਰ ਮਾਂ ਜਾਂ ਪਿਤਾ ਦੀ ਇੰਟਰਵਿਊ ਵੱਖਰੇ ਤੌਰ 'ਤੇ ਕੀਤੀ ਜਾਵੇਗੀ।** ਤੁਹਾਡੇ ਬੱਚੇ ਦਾ ਮੌਜੂਦ ਹੋਣਾ ਜ਼ਰੂਰੀ ਨਹੀਂ ਹੈ।

ਅਸੀਂ ਹਰ ਮਾਂ ਜਾਂ ਪਿਤਾ ਨੂੰ ਭਾਗ ਲੈਣ ਵਾਸਤੇ ਸੱਦਾ ਦੇਣ ਲਈ, ਜੇ ਉਪਲਬਧ ਹੋਇਆ ਤਾਂ, ਜਨਮ ਦੇ ਰਿਕਾਰਡਾਂ ਤੋਂ ਜਾਣਕਾਰੀ ਦਾ ਇਸਤੇਮਾਲ ਕਰਾਂਗੇ। ਅਸੀਂ ਹਰ ਮਾਂ/ਪਿਤਾ ਤੋਂ ਪਿਤਾ/ਮਾਂ ਦੇ ਸੰਪਰਕ ਵੇਰਵੇ ਵੀ ਮੰਗਾਂਗੇ, ਜੋ ਉਹ ਆਪਣੀ ਮਰਜ਼ੀ ਨਾਲ ਦੇ ਸਕਦੇ ਹਨ ਜਾਂ ਨਹੀਂ ਵੀ। ਇਹਨਾਂ ਵੇਰਵਿਆਂ ਦੀ ਵਰਤੋਂ ਸਿਰਫ਼ ਇਸ ਅਧਿਐਨ ਬਾਰੇ ਦੂਜੇ ਮਾਪੇ ਭਾਵ ਮਾਂ ਜਾਂ ਪਿਤਾ ਨਾਲ ਸੰਪਰਕ ਕਰਨ ਲਈ ਕੀਤੀ ਜਾਵੇਗੀ।

**ਤੁਹਾਡੀ ਭਾਗੀਦਾਰੀ ਅਤੇ ਸਰਵੇਖਣ ਦੇ ਜਵਾਬਾਂ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।** ਇਸਦਾ ਮਤਲਬ ਹੈ ਕਿ ਅਸੀਂ ਤੁਹਾਡੇ ਬੱਚੇ ਦੀ ਮਾਂ ਜਾਂ ਪਿਤਾ ਨੂੰ ਤੁਹਾਡੇ ਦੁਆਰਾ ਦਿਤੀ ਗਈ ਕਿਸੇ ਵੀ ਜਾਣਕਾਰੀ ਬਾਰੇ ਜਾਂ ਤੁਹਾਡੇ ਪਤੇ ਸਮੇਤ ਤੁਹਾਡੇ ਹਾਲਾਤ ਬਾਰੇ ਨਹੀਂ ਦੱਸਾਂਗੇ।

ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਬੱਚੇ ਦੀ ਮਾਂ ਜਾਂ ਪਿਤਾ ਨਾਲ ਹੋਰ ਸੰਪਰਕ ਨਾ ਕਰੀਏ ਜਾਂ ਜੇ ਤੁਹਾਨੂੰ ਇਸ ਬਾਰੇ ਕੋਈ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ 0800 151 0610 'ਤੇ ਜਾਂ gnestudy@ipsos.com 'ਤੇ ਸੰਪਰਕ ਕਰੋ।

## ਅਧਿਐਨ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਅਤੇ ਇਸ ਬਾਰੇ ਵੀ ਕਿ ਤੁਹਾਨੂੰ ਹਿੱਸਾ ਕਿਉਂ ਲੈਣਾ ਚਾਹੀਦਾ ਹੈ?

gnestudy.info/why-take-part 'ਤੇ ਜਾਓ

# ਇਸ ਵਿੱਚ ਕੀ ਸ਼ਾਮਲ ਹੈ?

## ਅੱਗੇ ਕੀ ਹੋਵੇਗਾ?

1) **ਪੂਰੀ ਤਰ੍ਹਾਂ ਟ੍ਰੇਨਿੰਗ ਪ੍ਰਾਪਤ ਇੰਟਰਵਿਊ ਲੈਣ ਵਾਲਾ ਵਿਅਕਤੀ ਇਹ ਪਤਾ ਲਗਾਉਣ ਲਈ ਤੁਹਾਡੇ ਪਤੇ 'ਤੇ ਕਾਲ ਕਰੇਗਾ ਕਿ ਕੀ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ।** ਉਸ ਨੂੰ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਵਿੱਚ ਖੁਸ਼ੀ ਹੋਵੇਗੀ। **ਇੰਟਰਵਿਊ ਲੈਣ ਵਾਲੇ ਕੋਲ ਹਮੇਸ਼ਾ ਉਸ ਦਾ ਫ਼ੋਟੋ** ID **ਹੋਵੇਗਾ**। ਜੇ ਤੁਸੀਂ ਬਾਹਰ ਹੋ ਜਾਂ ਤੁਹਾਡੇ ਲਈ ਇਹ ਉਚਿਤ ਸਮਾਂ ਨਹੀਂ ਹੈ, ਤਾਂ ਇੰਟਰਵਿਊ ਲੈਣ ਵਾਲਾ ਕਿਸੇ ਬਿਹਤਰ ਸਮੇਂ 'ਤੇ ਦੁਬਾਰਾ ਆ ਜਾਵੇਗਾ।
2) ਜੇ ਤੁਸੀਂ ਹਿੱਸਾ ਲੈਣ ਦਾ ਫ਼ੈਸਲਾ ਕਰਦੇ ਹੋ, ਤਾਂ ਇੰਟਰਵਿਊ ਲੈਣ ਵਾਲਾ ਵਿਅਕਤੀ, **ਕਿਸੇ ਅਜਿਹੇ ਦਿਨ ਅਤੇ ਸਮੇਂ ਦਾ ਪ੍ਰਬੰਧ ਕਰੇਗਾ ਜੋ ਤੁਹਾਡੀ ਇੰਟਰਵਿਊ ਲਈ ਤੁਹਾਨੂੰ ਢੁਕਦਾ ਹੋਵੇ।**
3) ਅਸੀਂ ਚਾਹੁੰਦੇ ਹਾਂ ਕਿ ਮਾਂ ਜਾਂ ਪਿਤਾ ਵਿੱਚੋਂ ਕੋਈ ਇੱਕ ਜਣਾ ਇੰਟਰਵਿਊ ਲੈਣ ਵਾਲੇ ਨਾਲ ਵਿਅਕਤੀਗਤ ਰੂਪ ਵਿੱਚ **60-ਮਿੰਟ ਦੀ ਇੰਟਰਵਿਊ** ਨੂੰ ਪੂਰਾ ਕਰੇ।
4) ਅਸੀਂ ਚਾਹੁੰਦੇ ਹਾਂ ਕਿ ਮਾਂ ਜਾਂ ਪਿਤਾ ਵਿੱਚੋਂ ਦੂਜਾ ਜਣਾ ਇੱਕ ਵੱਖਰੀ **30-40 ਮਿੰਟ ਦੀ ਇੰਟਰਵਿਊ** ਪੂਰੀ ਕਰੇ। ਇਹ ਜਾਂ ਤਾਂ ਇੰਟਰਵਿਊ ਲੈਣ ਵਾਲੇ ਨਾਲ ਵਿਅਕਤੀਗਤ ਰੂਪ ਵਿੱਚ ਜਾਂ ਫਿਰ ਆਨਲਾਈਨ ਕੀਤੀ ਜਾ ਸਕਦੀ ਹੈ, ਜੋ ਵੀ ਸਭ ਤੋਂ ਵਧੀਆ ਢੁਕਦਾ ਹੋਵੇ। ਅਸੀਂ ਕਈ ਵਾਰ ਟੈਲੀਫ਼ੋਨ ਦੇ ਜ਼ਰੀਏ ਵੀ ਅਜਿਹਾ ਕਰ ਸਕਦੇ ਹਾਂ।
5) **ਹਿੱਸਾ ਲੈਣ ਵਾਲੇ ਹਰ ਵਿਅਕਤੀ ਨੂੰ, ਆਪਣਾ ਸਮਾਂ ਕੱਢਣ ਲਈ ਸ਼ੁਕਰਾਨੇ ਵਜੋਂ ਇੱਕ ਵਾਊਚਰ ਮਿਲੇਗਾ।**

ਇੰਟਰਵਿਊ ਲੈਣ ਵਾਲੇ ਵਿਅਕਤੀ ਅਨੇਕਾਂ ਵੱਖ-ਵੱਖ ਕਮਿਊਨਿਟੀਆਂ, ਸਥਿਤੀਆਂ ਅਤੇ ਪਰਿਵਾਰਾਂ ਦੀਆਂ ਕਿਸਮਾਂ ਵਿੱਚ ਮਾਂਵਾਂ ਅਤੇ ਪਿਤਾਵਾਂ ਨਾਲ ਗੱਲ ਕਰਨ ਦੇ ਆਦੀ ਹੁੰਦੇ ਹਨ। ਇੰਟਰਵਿਊ ਹੋਰਨਾਂ ਭਾਸ਼ਾਵਾਂ ਵਿੱਚ ਕੀਤੀ ਜਾ ਸਕਦੀ ਹੈ। ਹੋਰਨਾਂ ਭਾਸ਼ਾਵਾਂ ਵਿੱਚ ਇਹ ਕਿਤਾਬਚਾ ਅਤੇ ਪੜ੍ਹਨ ਯੋਗ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ 'ਤੇ ਜਾਓ।

## ਕੀ ਦੋਵੇਂ ਮਾਪਿਆਂ ਨੂੰ ਹਿੱਸਾ ਲੈਣਾ ਪਵੇਗਾ?

ਅਸੀਂ ਉਮੀਦ ਕਰਦੇ ਹਾਂ ਕਿ ਮਾਂ ਅਤੇ ਪਿਤਾ ਦੋਵੇਂ ਹਿੱਸਾ ਲੈਣਗੇ, ਪਰ ਇਹ ਤੁਹਾਡੇ ਵਿੱਚੋਂ ਹਰੇਕ ਦੇ ਆਪਣੇ ਫ਼ੈਸਲੇ 'ਤੇ ਨਿਰਭਰ ਕਰਦਾ ਹੈ।

## ਮਾਂ ਅਤੇ ਪਿਤਾ ਵਿੱਚੋਂ ਕੌਣ ਕਿਹੜੀ ਇੰਟਰਵਿਊ ਕਰੇਗਾ?

ਲੰਮੀ ਇੰਟਰਵਿਊ ਆਮ ਤੌਰ 'ਤੇ ਮਾਂ ਅਤੇ ਪਿਤਾ ਵਿੱਚੋਂ ਉਸ ਦੁਆਰਾ ਕੀਤੀ ਜਾਵੇਗੀ ਜੋ ਬੱਚੇ ਨਾਲ ਸਭ ਤੋਂ ਵੱਧ ਸਮਾਂ ਬਿਤਾਉਂਦਾ ਹੈ। ਦੂਜੀ ਇੰਟਰਵਿਊ ਛੋਟੀ ਹੁੰਦੀ ਹੈ ਕਿਉਂਕਿ ਸਾਨੂੰ ਹਰ ਬੱਚੇ ਜਾਂ ਘਰ ਲਈ ਸਿਰਫ਼ ਇੱਕ ਵਾਰ ਥੋੜ੍ਹੇ ਸਵਾਲ ਪੁੱਛਣ ਦੀ ਲੋੜ ਹੁੰਦੀ ਹੈ। ਇਹ ਤੁਹਾਡੀ ਮਰਜ਼ੀ ਹੈ।

## ਮੇਰੀ ਦੁਬਾਰਾ ਇੰਟਰਵਿਊ ਕਦੋਂ ਹੋਵੇਗੀ?

ਉਮੀਦ ਕਰਦੇ ਹਾਂ ਕਿ ਅਸੀਂ ਤੁਹਾਨੂੰ ਇਹ ਪਤਾ ਲਗਾਉਣ ਲਈ ਹਰ ਕੁਝ ਸਾਲਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿਆਂਗੇ ਕਿ ਜਿਵੇਂ-ਜਿਵੇਂ ਤੁਹਾਡਾ ਬੱਚਾ ਵੱਡਾ ਹੋ ਰਿਹਾ ਹੈ, ਉਹ ਕਿਵੇਂ ਵੱਧ-ਫੁਲ ਰਿਹਾ ਹੈ। ਇਸ ਦਾ ਫ਼ੈਸਲਾ ਹਮੇਸ਼ਾ ਤੁਹਾਡੇ 'ਤੇ ਨਿਰਭਰ ਕਰੇਗਾ ਕਿ ਕੀ ਤੁਸੀਂ ਭਾਗ ਲੈਣਾ ਹੈ ਜਾਂ ਨਹੀਂ।

## ਮੈਨੂੰ ਹਿੱਸਾ ਲੈਣ ਲਈ ਕੀ ਮਿਲੇਗਾ?

ਹਿੱਸਾ ਲੈਣ ਵਾਲੀ ਹਰ ਮਾਂ ਜਾਂ ਪਿਤਾ ਨੂੰ, ਆਪਣਾ ਸਮਾਂ ਕੱਢਣ ਲਈ ਸ਼ੁਕਰਾਨੇ ਵਜੋਂ ਇੱਕ **ਹਾਈ ਸਟ੍ਰੀਟ ਵਾਊਚਰ ਮਿਲੇਗਾ**। ਹਿੱਸਾ ਲੈਣ ਵਾਲੇ ਹਰੇਕ ਵਿਅਕਤੀ ਨੂੰ ਅਧਿਐਨ ਦੇ ਮਹੱਤਵਪੂਰਨ ਨਤੀਜਿਆਂ ਬਾਰੇ ਬਾਕਾਇਦਾ ਅੱਪਡੇਟ ਮਿਲਦੀ ਰਹੇਗੀ।

## ਅਸੀਂ ਕਿਸ ਬਾਰੇ ਸਵਾਲ ਪੁੱਛਾਂਗੇ?

ਅਸੀਂ **ਤੁਹਾਡੇ ਬੱਚੇ ਦੀ ਸਿਹਤ ਅਤੇ ਵਿਕਾਸ, ਵਿਹਾਰ ਅਤੇ ਵਿਕਾਸ, ਨੀਂਦ, ਖ਼ੁਰਾਕ ਅਤੇ ਉਹਨਾਂ ਗਤੀਵਿਧੀਆਂ ਬਾਰੇ ਪੁੱਛਾਂਗੇ ਜੋ ਤੁਸੀਂ ਸ਼ਾਇਦ ਆਪਣੇ ਬੱਚੇ ਨਾਲ ਕਰਦੇ ਹੋਵੋ।** ਜੇ ਤੁਹਾਡੇ ਜੁੜਵਾਂ ਬੱਚੇ, ਤਿਗੜੇ (ਟ੍ਰਿਪਲੈਂਟ) ਜਾਂ ਵੱਧ ਇੱਕੋ ਸਮੇਂ ਪੈਦਾ ਹੋਏ ਬੱਚੇ ਹਨ, ਤਾਂ ਹਰ ਬੱਚੇ ਬਾਰੇ ਕੁਝ ਸਵਾਲ ਦੋਹਰਾਏ ਜਾਣਗੇ।

ਅਸੀਂ **ਇੱਕ ਮਾਂ ਜਾਂ ਪਿਤਾ ਦੇ ਰੂਪ ਵਿੱਚ ਤੁਹਾਡੇ ਅਨੁਭਵਾਂ**ਬਾਰੇ ਪੁੱਛਾਂਗੇ: ਤੁਹਾਡਾ ਘਰ ਅਤੇ ਪਰਿਵਾਰ; ਤੁਹਾਡੇ ਕੰਮਕਾਜ ਦੀ ਸਥਿਤੀ; ਤੁਹਾਡੀ ਸਿਹਤ ਅਤੇ ਤੰਦਰੁਸਤੀ; ਪਾਲਣ-ਪੋਸ਼ਣ ਪ੍ਰਤੀ ਤੁਹਾਡੇ ਨਜ਼ਰੀਏ ਅਤੇ ਤੁਹਾਡੇ ਬੱਚੇ ਨਾਲ ਰਿਸ਼ਤੇ; ਤੁਹਾਡੇ ਜੀਵਨ ਵਿੱਚ ਲੋਕਾਂ ਤੋਂ ਤੁਹਾਨੂੰ ਮਿਲਣ ਵਾਲੇ ਸਹਿਯੋਗ; ਤੁਹਾਡੇ ਜਾਂ ਤੁਹਾਡੇ ਬੱਚੇ ਦੁਆਰਾ ਇਸਤੇਮਾਲ ਕੀਤੀਆਂ ਜਾਂਦੀਆਂ ਕੋਈ ਵੀ ਸੇਵਾਵਾਂ; ਅਤੇ ਚਾਈਲਡਕੇਅਰ ਸਬੰਧੀ ਕੋਈ ਵੀ ਇੰਤਜ਼ਾਮ।

ਅਸੀਂ **ਤੁਹਾਡੇ ਅਤੇ ਤੁਹਾਡੇ ਪਰਿਵਾਰ** ਬਾਰੇ ਜਿਸ ਵਿੱਚ ਤੁਹਾਡੇ ਕੋਈ ਵੀ ਹੋਰ ਬੱਚੇ ਵੀ ਸ਼ਾਮਲ ਹਨ, ਪਰਿਵਾਰ ਦੀ ਵਿੱਤੀ ਸਥਿਤੀ ਅਤੇ ਤੁਸੀਂ ਕਿੱਥੇ ਰਹਿੰਦੇ ਹੋ, ਬਾਰੇ ਕੁਝ ਸਵਾਲ ਵੀ ਪੁੱਛਾਂਗੇ। ਇਸ ਵਿੱਚ ਤੁਹਾਡੇ ਬੱਚੇ ਦੇ ਦੂਜੇ ਮਾਪੇ ਭਾਵ ਮਾਂ ਜਾਂ ਪਿਤਾ ਅਤੇ ਕੋਈ ਵੀ ਹੋਰ ਪਾਰਟਨਰ ਬਾਰੇ ਕੁਝ ਅਹਿਮ ਜਾਣਕਾਰੀ ਸ਼ਾਮਲ ਹੋਵੇਗੀ।

ਇਹ ਜਾਣਨਾ ਕਿ ਤੁਹਾਡਾ ਜੀਵਨ ਕਿਹੋ ਜਿਹਾ ਹੈ ਅਤੇ ਇੱਕ ਮਾਂ ਜਾਂ ਪਿਤਾ ਦੇ ਰੂਪ ਵਿੱਚ ਤੁਹਾਡਾ ਅਨੁਭਵ ਕਿਹੋ ਜਿਹਾ ਹੈ, ਤੁਹਾਡੇ ਬੱਚੇ ਦੇ ਜੀਵਨ ਦੀ ਇੱਕ ਮੁਕੰਮਲ ਤਸਵੀਰ ਬਣਾਉਣ ਲਈ ਬਹੁਤ ਹੀ ਜ਼ਰੂਰੀ ਹੈ।

ਤੁਸੀਂ ਅਜਿਹੇ ਕੋਈ ਵੀ ਸਵਾਲਾਂ ਨੂੰ ਛੱਡ ਸਕਦੇ ਹੋ ਜਿਹਨਾਂ ਦਾ ਤੁਸੀਂ ਜਵਾਬ ਨਹੀਂ ਦੇਣਾ ਚਾਹੁੰਦੇ। ਵਿਅਕਤੀਗਤ ਇੰਟਰਵਿਊ ਦੌਰਾਨ, ਕੁਝ ਸਵਾਲਾਂ ਦੇ ਜਵਾਬ ਇੰਟਰਵਿਊ ਲੈਣ ਵਾਲੇ ਦੇ ਕੰਪਿਊਟਰ 'ਤੇ ਗੁਪਤ ਰੂਪ ਵਿੱਚ ਦਿੱਤੇ ਜਾਂਦੇ ਹਨ।

## ਇਸ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਕਿ ਹੋਰ ਕੀ ਕੁਝ ਸ਼ਾਮਲ ਹੋਵੇਗਾ?

ਕਿਰਪਾ ਕਰਕੇ gnestudy.info/whats-involved 'ਤੇ ਜਾਓ

# ਜਾਣਕਾਰੀ ਸ਼ਾਮਲ ਕਰਨਾ

## ਪ੍ਰਬੰਧਕੀ ਰਿਕਾਰਡਾਂ ਤੋਂ ਜਾਣਕਾਰੀ

ਸਰਕਾਰੀ ਵਿਭਾਗ ਅਤੇ ਏਜੰਸੀਆਂ, ਜਿਵੇਂ ਕਿ NHS, ਸੇਵਾਵਾਂ ਦੀ ਯੋਜਨਾ ਬਣਾਉਣ ਅਤੇ ਮੁਹੱਈਆ ਕਰਾਉਣ ਵਿੱਚ ਮਦਦ ਲਈ ਨਿਯਮਤ ਤੌਰ 'ਤੇ ਸਾਡੇ ਸਾਰਿਆਂ ਬਾਰੇ ਪ੍ਰਬੰਧਕੀ ਰਿਕਾਰਡ ਇਕੱਠੇ ਕਰਦੀਆਂ ਹਨ।

**ਅਸੀਂ ਅਧਿਐਨ ਬਾਰੇ ਤੁਹਾਡੇ ਜਵਾਬਾਂ ਵਿੱਚ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਪ੍ਰਬੰਧਕੀ ਰਿਕਾਰਡਾਂ ਤੋਂ ਜਾਣਕਾਰੀ ਨੂੰ ਸ਼ਾਮਲ ਕਰਨੀ ਚਾਹਵਾਂਗੇ।** ਇਸ ਨਾਲ ਇਹ ਅਧਿਐਨ ਖੋਜਕਰਤਾਵਾਂ ਅਤੇ ਨੀਤੀਆਂ ਬਣਾਉਣ ਵਾਲਿਆਂ ਲਈ ਹੋਰ ਵੀ ਲਾਹੇਵੰਦ ਬਣ ਜਾਵੇਗਾ, ਜੋ ਕਿ ਇਸ ਜਾਣਕਾਰੀ ਦਾ ਇਸਤੇਮਾਲ ਹਰੇਕ ਲਈ ਜਨਤਕ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਕਰਨਗੇ।

## ਅਸੀਂ ਕਿਹੜੇ ਪ੍ਰਬੰਧਕੀ ਰਿਕਾਰਡ ਸ਼ਾਮਲ ਕਰਨੇ ਚਾਹੁੰਦੇ ਹਾਂ?

ਅਸੀਂ ਤੁਹਾਡੇ ਅਤੇ ਤੁਹਾਡੇ ਬੱਚੇ ਲਈ **ਸਿਹਤ, ਸਿੱਖਿਆ ਅਤੇ ਸਮਾਜਕ ਦੇਖਭਾਲ ਦੇ ਰਿਕਾਰਡਾਂ** ਤੋਂ ਜਾਣਕਾਰੀ ਸ਼ਾਮਲ ਕਰਨੀ ਚਾਹੁੰਦੇ ਹਾਂ। ਇਹ ਜਾਣਨ ਲਈ ਕਿ ਇਹਨਾਂ ਰਿਕਾਰਡਾਂ ਵਿੱਚ ਕੀ ਸ਼ਾਮਲ ਹੁੰਦਾ ਹੈ, ਕਿਰਪਾ ਕਰਕੇ ਅਧਿਐਨ ਦੀ ਵੈੱਬਸਾਈਟ 'ਤੇ ਜਾਓ। ਇਹ ਜਾਣਕਾਰੀ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦੇ ਹਾਲਾਤ ਨਾਲ ਸਬੰਧਤ ਹੁੰਦੀ ਹੈ। ਅਸੀਂ ਅਧਿਐਨ ਦੀ ਪੂਰੀ ਮਿਆਦ ਤਕ ਨਿਰੰਤਰ ਅਧਾਰ 'ਤੇ ਇਹਨਾਂ ਰਿਕਾਰਡਾਂ ਤੋਂ ਜਾਣਕਾਰੀ ਸ਼ਾਮਲ ਕਰਨੀ ਚਾਹੁੰਦੇ ਹਾਂ।

## ਪ੍ਰਬੰਧਕੀ ਰਿਕਾਰਡਾਂ ਨੂੰ ਸ਼ਾਮਲ ਕਰਨ ਦਾ ਫ਼ੈਸਲਾ ਕੌਣ ਕਰਦਾ ਹੈ?

**ਇਹ ਤੁਹਾਡੀ ਮਰਜ਼ੀ ਹੈ** ਕਿ ਇਹਨਾਂ ਵਿੱਚੋਂ ਕਿਹੜੇ ਰਿਕਾਰਡ ਤੁਹਾਡੇ ਅਧਿਐਨ ਦੇ ਜਵਾਬਾਂ ਵਿੱਚ ਸ਼ਾਮਲ ਕਰਨੇ ਹਨ। **ਇੰਟਰਵਿਊ ਲੈਣ ਵਾਲਾ ਵਿਅਕਤੀ ਤੁਹਾਨੂੰ ਇਸ ਬਾਰੇ ਹੋਰ ਜਾਣਕਾਰੀ ਦੇਵੇਗਾ**, ਅਤੇ ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ।

ਹੋ ਸਕਦਾ ਹੈ ਕਿ ਤੁਸੀਂ ਆਪਣੇ ਬੱਚੇ ਦੇ ਰਿਕਾਰਡਾਂ ਤੋਂ ਜਾਣਕਾਰੀ ਸ਼ਾਮਲ ਕਰਨ ਬਾਰੇ ਬੱਚੇ ਦੀ ਮਾਂ ਜਾਂ ਪਿਤਾ ਨਾਲ ਚਰਚਾ ਕਰਨਾ ਚਾਹੋ। ਅਸੀਂ ਸਿਰਫ਼ ਮਾਂ ਜਾਂ ਪਿਤਾ ਵਿੱਚੋਂ ਉਸੇ ਨੂੰ ਪੁੱਛਾਂਗੇ ਜੋ ਇਸ ਬਾਰੇ ਵਧੇਰੇ ਲੰਬੀ ਇੰਟਰਵਿਊ ਦੇਵੇਗਾ।

**ਜੇ ਤੁਸੀਂ ਅਜਿਹਾ ਨਹੀਂ ਕਰਨਾ ਚਾਹੁੰਦੇ ਹੋ, ਤਾਂ ਵੀ ਤੁਸੀਂ ਅਧਿਐਨ ਵਿੱਚ ਹਿੱਸਾ ਲੈ ਸਕਦੇ ਹੋ।**

## ਪ੍ਰਬੰਧਕੀ ਰਿਕਾਰਡਾਂ ਤੋਂ ਜਾਣਕਾਰੀ ਦਾ ਇਸਤੇਮਾਲ ਕਿਵੇਂ ਕੀਤਾ ਜਾਵੇਗਾ?

ਇਸ ਦਾ ਇਸਤੇਮਾਲ ਸਿਰਫ਼ ਰਿਸਰਚ ਦੇ ਉਦੇਸ਼ਾਂ ਲਈ ਹੀ ਕੀਤਾ ਜਾਵੇਗਾ। ਪ੍ਰਬੰਧਕੀ ਰਿਕਾਰਡਾਂ ਤੋਂ ਜਾਣਕਾਰੀ ਸ਼ਾਮਲ ਕਰਨ ਨਾਲ ਤੁਹਾਡੇ ਜਾਂ ਤੁਹਾਡੇ ਬੱਚੇ ਦੀਆਂ ਸੇਵਾਵਾਂ, ਅਧਿਕਾਰਾਂ, ਇਲਾਜ ਜਾਂ ਕਿਸੇ ਸਿਹਤ ਬੀਮੇ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਦਾ ਅਸਰ ਤੁਹਾਡੇ ਲਾਭਾਂ ਜਾਂ ਟੈਕਸ 'ਤੇ ਨਹੀਂ ਪਵੇਗਾ। ਜਾਣਕਾਰੀ ਸ਼ਾਮਲ ਕਰਨ ਨਾਲ ਨਵੇਂ ਯੁੱਗ ਦੀ ਪੀੜ੍ਹੀ (Generation New Era) ਨੂੰ ਤੁਹਾਡੇ ਜੀਵਨ ਦੀ ਇੱਕ ਵਧੇਰੇ ਸੰਪੂਰਨ ਤਸਵੀਰ ਬਣਾਉਣ ਵਿੱਚ ਮਦਦ ਮਿਲੇਗੀ।

ਪ੍ਰਬੰਧਕੀ ਰਿਕਾਰਡਾਂ ਤੋਂ ਜਾਣਕਾਰੀ ਸ਼ਾਮਲ ਕਰਨ ਬਾਰੇ ਸਾਡੀ ਵੀਡੀਓ ਦੇਖੋ: gnestudy.info/whats-involved/adding-more-information-about-you.

ਇਸ ਕਿਤਾਬਚੇ ਦੇ ਅਗਲੇ ਸੈਕਸ਼ਨ ਵਿੱਚ ਅਤੇ ਅਧਿਐਨ ਦੀ ਵੈੱਬਸਾਈਟ 'ਤੇ ਇਹ ਪਤਾ ਲਗਾਓ ਕਿ ਨਵੇਂ ਯੁੱਗ ਦੀ ਪੀੜ੍ਹੀ (Generation New Era) ਤੁਹਾਡੀ ਜਾਣਕਾਰੀ ਦਾ ਧਿਆਨ ਕਿਵੇਂ ਰੱਖੇਗਾ।

## ਇਸ ਬਾਰੇ ਜਾਣਕਾਰੀ ਕਿ ਤੁਸੀਂ ਕਿੱਥੇ ਰਹਿੰਦੇ ਹੋ

ਅਸੀਂ ਉਸ **ਸਥਾਨਕ ਇਲਾਕੇ ਜਾਂ ਪ੍ਰਾਪਰਟੀ** ਬਾਰੇ ਵੀ ਜਾਣਕਾਰੀ ਸ਼ਾਮਲ ਕਰਾਂਗੇ ਜਿੱਥੇ ਤੁਸੀਂ ਰਹਿੰਦੇ ਹੋ। ਇਹ ਹਵਾ ਪ੍ਰਦੂਸ਼ਣ ਦੇ ਪੱਧਰ, ਹਰਿਆਲੀ ਭਰੀਆਂ ਥਾਵਾਂ, ਸਥਾਨਕ ਸਹੂਲਤਾਂ, ਤੁਹਾਡੇ ਘਰ ਵਿੱਚ ਊਰਜਾ (ਐਨਰਜੀ) ਦੇ ਕਾਰਗਰ ਇਸਤੇਮਾਲ ਵਰਗੀ ਜਾਣਕਾਰੀ ਹੋ ਸਕਦੀ ਹੈ। ਅਸੀਂ ਜਿੱਥੇ ਰਹਿੰਦੇ ਹਾਂ ਉਸ ਦਾ ਜੀਵਨ ਦੇ ਅਨੇਕਾਂ ਪਹਿਲੂਆਂ 'ਤੇ ਬਹੁਤ ਵੱਡਾ ਅਸਰ ਪੈਂਦਾ ਹੈ, ਇਸ ਲਈ ਤੁਸੀਂ ਕਿੱਥੇ ਰਹਿੰਦੇ ਹੋ ਅਤੇ ਤੁਹਾਡੇ ਸਥਾਨਕ ਇਲਾਕੇ ਬਾਰੇ ਹੋਰ ਜ਼ਿਆਦਾ ਸਮਝਣਾ ਰਿਸਰਚ ਲਈ ਬਹੁਤ ਫ਼ਾਇਦੇਮੰਦ ਹੈ। ਅਕਸਰ, ਇਹ ਭੂਗੋਲਿਕ ਡੇਟਾ **ਜਨਤਕ ਰੂਪ ਵਿੱਚ ਉਪਲਬਧ ਹੁੰਦਾ ਹੈ**। ਸਾਡੀ ਯੋਜਨਾ ਅਧਿਐਨ ਵਿੱਚ ਹਿੱਸਾ ਲੈਣ ਵਾਲੇ ਹਰ ਵਿਅਕਤੀ ਲਈ ਅਜਿਹਾ ਕਰਨ ਦੀ ਹੈ, ਪਰ ਜੇ ਤੁਸੀਂ ਇਹ ਚਾਹੁੰਦੇ ਹੋ ਕਿ ਅਸੀਂ ਅਜਿਹਾ ਨਾ ਕਰੀਏ, ਤਾਂ ਕਿਰਪਾ ਕਰਕੇ ਇਸ ਕਿਤਾਬਚੇ ਦੇ ਪਿਛਲੇ ਪਾਸੇ ਦਿੱਤੇ ਵੇਰਵਿਆਂ ਜ਼ਰੀਏ ਸਾਨੂੰ ਦੱਸੋ।

# ਤੁਹਾਡੀ ਜਾਣਕਾਰੀ ਦਾ ਧਿਆਨ ਰੱਖਣਾ

## ਇਸ ਰਿਸਰਚ ਨੂੰ ਕਿਸਨੇ ਮਨਜ਼ੂਰ ਕੀਤਾ ਹੈ?

ਇਸ ਰਿਸਰਚ ਨੂੰ NHS **ਰਿਸਰਚ ਐਥਿਕਸ ਕਮੇਟੀ** ਦੁਆਰਾ ਰੀਵਿਊ ਅਤੇ ਮਨਜ਼ੂਰ ਕੀਤਾ ਗਿਆ ਹੈ। ਇਹ ਤੁਹਾਡੀ ਸੁਰੱਖਿਆ, ਅਧਿਕਾਰਾਂ, ਤੰਦਰੁਸਤੀ ਅਤੇ ਸਨਮਾਨ ਦੀ ਰੱਖਿਆ ਕਰਨ ਲਈ ਵਚਨਬੱਧ ਲੋਕਾਂ ਦਾ ਇੱਕ ਸੁਤੰਤਰ ਗਰੁੱਪ ਹੈ।

## ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦਾ ਕੀ ਬਣੇਗਾ?

ਇਸ ਜਾਣਕਾਰੀ ਨੂੰ **ਸਿਰਫ਼ ਰਿਸਰਚ ਦੇ ਉਦੇਸ਼ਾਂ**ਲਈ ਵਰਤਿਆ ਜਾਂਦਾ ਹੈ। ਤੁਹਾਡੇ ਸਰਵੇਖਣ ਦੇ ਜਵਾਬਾਂ ਨੂੰ ਦੂਜੇ ਸਾਰੇ ਲੋਕਾਂ ਦੇ ਜਵਾਬਾਂ ਦੇ ਨਾਲ ਇਕੱਠੇ ਰੱਖਿਆ ਜਾਵੇਗਾ ਜਿਹਨਾਂ ਦੀ ਇੰਟਰਵਿਊ ਲਈ ਗਈ ਹੈ ਅਤੇ ਇਹਨਾਂ ਜਵਾਬਾਂ ਨੂੰ UCL ਡੇਟਾ ਸੇਫ਼ ਹੇਵਨ (Data Safe Haven), ਯੂਕੇ ਡੇਟਾ ਸਰਵਿਸ (UK Data Service) ਅਤੇ ਦੂਜੇ ਸੁਰੱਖਿਅਤ ਰਿਸਰਚ ਵਾਤਾਵਰਣਾਂ ਦੇ ਜ਼ਰੀਏ ਰਿਸਰਚ ਲਈ ਸੁਰੱਖਿਅਤ ਰੂਪ ਵਿੱਚ ਉਪਲਬਧ ਕਰਾਇਆ ਜਾਵੇਗਾ। ਹੋ ਸਕਦਾ ਹੈ ਕਈ ਵਾਰ ਇਸ ਵਿੱਚ ਮਨਜ਼ੂਰਸ਼ੁਦਾ ਰਿਸਰਚ ਉਦੇਸ਼ਾਂ ਲਈ ਡੇਟਾ ਵਰਤਣ ਵਾਲੀਆਂ ਵਪਾਰਕ ਸੰਸਥਾਵਾਂ ਵੀ ਸ਼ਾਮਲ ਹੋਣ। ਇਸ ਰਿਸਰਚ ਡੇਟਾ ਵਿੱਚ ਕੋਈ ਵੀ ਨਾਮ, ਪਤੇ, ਜਾਂ ਹੋਰ ਅਜਿਹੇ ਨਿੱਜੀ ਵੇਰਵੇ ਸ਼ਾਮਲ ਨਹੀਂ ਹੁੰਦੇ ਹਨ ਜਿਹਨਾਂ ਤੋਂ ਅਧਿਐਨ ਵਿੱਚ ਸ਼ਾਮਲ ਵਿਅਕਤੀਆਂ ਦੀ ਸਿੱਧੇ ਤੌਰ 'ਤੇ ਪਛਾਣ ਹੋ ਸਕਦੀ ਹੋਵੇ।

**ਤੁਹਾਡੀ ਅਧਿਐਨ ਜਾਣਕਾਰੀ ਨੂੰ ਪੂਰੀ ਤਰ੍ਹਾਂ ਨਾਲ ਗੁਪਤ ਅਤੇ ਸੁਰੱਖਿਅਤ ਰੱਖਿਆ ਜਾਂਦਾ ਹੈ**। ਇਸ ਨੂੰ ਆਮ ਡੇਟਾ ਸੁਰੱਖਿਆ ਨਿਯਮਾਂ (General Data Protection Regulation - GDPR) ਦੇ ਅਨੁਸਾਰ ਵਰਤਿਆ ਜਾਂਦਾ ਹੈ ਅਤੇ ਉਦੋਂ ਤਕ ਸੰਭਾਲ ਕੇ ਰੱਖਿਆ ਜਾਵੇਗਾ ਜਦੋਂ ਤਕ ਅਧਿਐਨ ਦੁਆਰਾ ਇਸ ਦੀ ਲੋੜ ਖਤਮ ਨਾ ਹੋ ਜਾਵੇ। ਨਵੇਂ ਯੁੱਗ ਦੀ ਪੀੜ੍ਹੀ (Generation New Era) ਵਿੱਚ ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਸਖਤ ਸੁਰੱਖਿਆ ਨਿਯਮ ਅਤੇ ਸੁਰੱਖਿਅਤ ਪ੍ਰਣਾਲੀਆਂ ਹਨ। ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਤੁਹਾਡੇ ਪਰਿਵਾਰ ਦੇ ਹੋਰਨਾਂ ਮੈਂਬਰਾਂ ਅਤੇ ਉਹਨਾਂ ਸੰਸਥਾਵਾਂ ਤੋਂ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ ਜੋ ਸੇਵਾਵਾਂ ਮੁਹੱਈਆ ਕਰਾਉਂਦੀਆਂ ਹਨ ਜਾਂ ਉਹਨਾਂ ਲਾਭਾਂ ਦਾ ਪ੍ਰਬੰਧ ਕਰਦੀਆਂ ਹਨ ਜਿਹਨਾਂ ਨੂੰ ਤੁਸੀਂ ਜਾਂ ਤੁਹਾਡਾ ਬੱਚਾ ਵਰਤ ਜਾਂ ਪ੍ਰਾਪਤ ਕਰ ਸਕਦੇ ਹੋ।

ਬਹੁਤ ਵਿਰਲੀਆਂ ਸਥਿਤੀਆਂ ਵਿੱਚ ਤੁਹਾਡੀ ਗੋਪਨੀਅਤਾ ਭੰਗ ਹੋ ਸਕਦੀ ਹੈ, ਉਦਾਹਰਣ ਲਈ, ਜੇ ਤੁਹਾਡੇ ਦੁਆਰਾ ਦੱਸੀ ਕਿਸੇ ਗੱਲ ਤੋਂ ਇਹ ਪਤਾ ਲੱਗਦਾ ਹੈ ਕਿ ਕਿਸੇ ਵਿਅਕਤੀ ਨੂੰ ਨੁਕਸਾਨ ਪਹੁੰਚਣ ਦਾ ਵੱਡਾ ਖਤਰਾ ਹੈ।

## ਜੇ ਤੁਸੀਂ ਅਧਿਐਨ ਵਿੱਚ ਹਿੱਸਾ ਨਾ ਲੈਣ ਜਾਂ ਬਾਹਰ ਨਿਕਲਣ ਦਾ ਫ਼ੈਸਲਾ ਕਰਦੇ ਹੋ ਤਾਂ ਕੀ ਹੋਵੇਗਾ?

ਜੇ ਤੁਸੀਂ ਨਵੇਂ ਯੁੱਗ ਦੀ ਪੀੜ੍ਹੀ (Generation New Era) ਵਿੱਚ ਹਿੱਸਾ ਲੈਣਾ ਨਹੀਂ ਚਾਹੁੰਦੇ ਹੋ ਤਾਂ ਤੁਹਾਡੇ ਲਈ ਇਹ ਜ਼ਰੂਰੀ ਨਹੀਂ ਹੈ, ਅਤੇ ਤੁਹਾਨੂੰ ਬਗੈਰ ਕੋਈ ਕਾਰਨ ਦੱਸੇ ਕਿਸੇ ਵੀ ਪੜਾਅ 'ਤੇ ਰਿਸਰਚ ਤੋਂ ਬਾਹਰ ਨਿਕਲਣ ਦਾ ਅਧਿਕਾਰ ਹੈ। ਜੇ ਤੁਸੀਂ ਬਾਹਰ ਨਿਕਲ ਜਾਂਦੇ ਹੋ ਜਾਂ ਜੇ ਅਸੀਂ ਤੁਹਾਡੇ ਨਾਲ ਸੰਪਰਕ ਗੁਆ ਬੈਠਦੇ ਹਾਂ, **ਤਾਂ ਅਸੀਂ ਰਿਸਰਚ ਲਈ ਤੁਹਾਡੀ ਅਧਿਐਨ ਜਾਣਕਾਰੀ ਨੂੰ ਬਰਕਰਾਰ ਰੱਖਾਂਗੇ ਅਤੇ ਉਦੋਂ ਤਕ ਵਰਤਦੇ ਰਹਾਂਗੇ ਜਦੋਂ ਤਕ ਤੁਸੀਂ ਸਾਨੂੰ ਨਾ ਵਰਤਣ ਲਈ ਨਹੀਂ ਕਹਿੰਦੇ ਹੋ।**

ਜੇ ਤੁਸੀਂ ਹਿੱਸਾ ਨਾ ਲੈਣ ਦਾ ਫ਼ੈਸਲਾ ਕਰਦੇ ਹੋ, ਤਾਂ ਅਸੀਂ ਇਹ ਸਮਝਣ ਲਈ ਜਨਮ ਰਿਕਾਰਡਾਂ ਤੋਂ ਜਾਣਕਾਰੀ ਦੀ ਵਰਤੋਂ ਕਰਾਂਗੇ ਕਿ ਕੌਣ ਹਿੱਸਾ ਲੈਂਦਾ ਹੈ ਅਤੇ ਕੌਣ ਨਹੀਂ।

## ਅਧਿਐਨ ਸਬੰਧੀ ਜਾਣਕਾਰੀ ਲਈ ਕੌਣ ਜ਼ਿੰਮੇਵਾਰ ਹੈ?

ਅਧਿਐਨ ਦੇ ਡੇਟਾ ਨੂੰ **ਯੂਨੀਵਰਸਿਟੀ ਕਾਲਜ ਲੰਡਨ** (University College London - UCL) ਨਿਯੰਤ੍ਰਤ ਕਰਦਾ ਹੈ। ਤੁਹਾਡੀ ਜਾਣਕਾਰੀ ਨੂੰ ਵਰਤਣ ਲਈ UCL ਦਾ ਕਨੂੰਨੀ ਅਧਾਰ GDPR ਦੇ ਤਹਿਤ 'ਜਨ ਹਿਤ ਵਿੱਚ ਕਿਸੇ ਕੰਮ' ਲਈ ਵਰਤਣਾ ਹੈ।

ਅਧਿਐਨ ਦੇ ਨਿੱਜਤਾ ਨੋਟਿਸ ਸਮੇਤ, ਨਿੱਜਤਾ, ਗੋਪਨੀਅਤਾ ਅਤੇ ਕਨੂੰਨੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਵਧੇਰੇ ਜਾਣਕਾਰੀ, ਨਵੇਂ ਯੁੱਗ ਦੀ ਪੀੜ੍ਹੀ (Generation New Era) ਦੀ ਵੈੱਬਸਾਈਟ: gnestudy.info/privacy 'ਤੇ ਉਪਲਬਧ ਹੈ।

ਜੇ ਤੁਹਾਨੂੰ ਇਹ ਫ਼ਿਕਰ ਹੈ ਕਿ ਅਧਿਐਨ ਲਈ ਤੁਹਾਡੇ ਨਿੱਜੀ ਡੇਟਾ ਨੂੰ ਕਿਵੇਂ ਵਰਤਿਆ ਜਾਂਦਾ ਹੈ ਤਾਂ ਤੁਸੀਂ ਇੱਥੇ ਸੰਪਰਕ ਕਰ ਸਕਦੇ ਹੋ:

UCL ਡੇਟਾ ਸੁਰੱਖਿਆ ਦਫ਼ਤਰ:data-protection@ucl.ac.uk

ਸੂਚਨਾ ਕਮਿਸ਼ਨਰ ਦਾ ਦਫ਼ਤਰ: ico.org.uk.

## ਜੇ ਨਵੇਂ ਯੁੱਗ ਦੀ ਪੀੜ੍ਹੀ (Generation New Era) ਵਿੱਚ ਹਿੱਸਾ ਲੈਣ ਨਾਲ ਤੁਸੀਂ ਆਪਣੇ ਜੀਵਨ ਵਿੱਚ ਕਿਸੇ ਚੀਜ਼ ਬਾਰੇ ਫ਼ਿਕਰ ਹੁੰਦੀ ਹੈ ਤਾਂ?

ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਇੱਕ ਮਾਂ ਜਾਂ ਪਿਤਾ ਦੇ ਰੂਪ ਵਿੱਚ ਆਪਣੇ ਅਨੁਭਵ ਸਾਂਝੇ ਕਰਨ ਅਤੇ ਆਪਣੇ ਬੱਚੇ ਬਾਰੇ ਸਵਾਲਾਂ ਦੇ ਜਵਾਬ ਦੇਣ ਵਿੱਚ ਅਨੰਦ ਮਾਣੋਗੇ। ਅਧਿਐਨ ਵਿੱਚ ਸ਼ਾਮਲ ਹੋਣ ਨਾਲ ਕੋਈ ਨੁਕਸਾਨ ਨਹੀਂ ਹੋਣਾ ਚਾਹੀਦਾ ਅਤੇ ਇਹ ਕਦੇ ਵੀ ਕਿਸੇ ਸੇਵਾ ਜਾਂ ਦੇਖਭਾਲ ਨੂੰ ਪ੍ਰਭਾਵਿਤ ਨਹੀਂ ਕਰੇਗਾ। ਪਰ ਜੇ ਤੁਹਾਡੀ ਇੰਟਰਵਿਊ ਨਾਲ ਤੁਹਾਨੂੰ ਤੁਹਾਡੇ ਜੀਵਨ ਵਿੱਚ ਵਾਪਰਨ ਵਾਲੀ ਕਿਸੇ ਵੀ ਚੀਜ਼ ਬਾਰੇ ਚਿੰਤਾ ਹੁੰਦੀ ਹੈ, ਤਾਂ ਅਜਿਹੀਆਂ ਸੰਸਥਾਵਾਂ ਹਨ ਜਿਹਨਾਂ ਨਾਲ ਤੁਸੀਂ ਗੱਲ ਕਰ ਸਕਦੇ ਹੋ।

ਮਾਪਿਆਂ ਵਾਸਤੇ ਆਮ ਸਲਾਹ ਅਤੇ ਸਹਿਯੋਗ ਲਈ:

**ਹੋਮ ਸਟਾਰਟ (Home Start):** home-start.org.uk, 0116 464 5490

ਪੈਸੇ ਸਬੰਧੀ ਮੁੱਦਿਆਂ ਬਾਰੇ ਸਲਾਹ ਅਤੇ ਸਹਿਯੋਗ ਲਈ:

**ਸਿਟੀਜ਼ਨਸ ਐਡਵਾਈਸ ਬਿਊਰੋ (Citizens Advice Bureau):** citizensadvice.org.uk

ਉਦਾਸੀ ਜਾਂ ਨਿਰਾਸ਼ਾ ਦੀਆਂ ਭਾਵਨਾਵਾਂ ਦਾ ਅਨੁਭਵ ਕਰ ਰਹੇ ਲੋਕਾਂ ਦੀ ਗੁਪਤ ਸਹਾਇਤਾ ਲਈ।

**ਸਮੈਰਿਟਨਜ਼ (Samaritans):** samaritans.org, 116 123

ਸਿਹਤ ਸਬੰਧੀ ਚਿੰਤਾਵਾਂ ਬਾਰੇ ਸਲਾਹ ਲਈ: ਆਪਣੇ **ਸਥਾਨਕ GP ਜਾਂ ਹੈਲਥ ਵਿਜ਼ਿਟਰ** ਨਾਲ ਸੰਪਰਕ ਕਰੋ।

ਅਧਿਐਨ ਵੈੱਬਸਾਈਟ 'ਤੇ ਸਹਾਇਤਾ ਦੇ ਹੋਰ ਸਰੋਤ ਲੱਭੇ ਜਾ ਸਕਦੇ ਹਨ।

## ਅਧਿਐਨ ਬਾਰੇ ਕੋਈ ਸਵਾਲ ਹੈ?

- 0800 151 0610 (ਲੈਂਡਲਾਈਨ ਫ਼ੋਨਾਂ ਤੋਂ ਕਾਲਾਂ ਮੁਫ਼ਤ ਹਨ ਪਰ ਮੋਬਾਈਲ ਫ਼ੋਨਾਂ ਤੋਂ ਕਾਲ ਦੇ ਖਰਚੇ ਵੱਖਰੇ ਹੋ ਸਕਦੇ ਹਨ, ਇਸ ਲਈ ਕਿਰਪਾ ਕਰਕੇ ਆਪਣੇ ਪ੍ਰਦਾਤਾ ਨੂੰ ਪੁੱਛੋ)
- gnestudy@ipsos.com
- Freepost IPSOS GNE STUDY
- www.gnestudy.info
- @gnestudy